

## ਕੀ ਤੁਹਾਡਾ ਆਡੀਓਲੋਜਿਸਟ ਜਾਂ ਸਪੀਚ-ਲੈਂਗੁਇਜ਼-ਪਾਥੋਲੋਜਿਸਟ ਪਬਲਿਕ ਰਜਿਸਟਰ ਉੱਤੇ ਹੈ?

ਭਰੋਸਾ ਕਰਨ ਵਾਸਤੇ ਉਹਨਾਂ ਨੂੰ CASLPO ਦੇ ਪਬਲਿਕ ਰਜਿਸਟਰ ਉੱਤੇ ਲੱਭੋ ਕਿ ਉਹ ਰਜਿਸਟਰ ਹਨ ਅਤੇ ਮਿਆਰ ਮੁਤਾਬਕ ਪ੍ਰੈਕਟਿਸ ਕਰਦੇ ਹਨ। ਜੇ ਉਹ ਮਿਆਰ ਮੁਤਾਬਕ ਪ੍ਰੈਕਟਿਸ ਨਹੀਂ ਕਰਦੇ ਤਾਂ ਰੈਗੂਲੇਟ ਕੀਤੇ ਆਡੀਓਲੋਜਿਸਟਾਂ ਤੇ ਸਪੀਚ ਪੈਥੋਲੋਜਿਸਟਾਂ ਨੂੰ ਜਵਾਬਦੇਹ ਠਹਿਰਾਇਆ ਜਾਂਦਾ ਹੈ ਜੇ ਤੁਹਾਨੂੰ ਜਾਂ ਤੁਹਾਡੇ ਜਾਣਨ ਵਾਲੇ ਨੂੰ ਉਹਨਾਂ ਦੀ ਪ੍ਰੈਕਟਿਸ ਜਾਂ ਰਵੱਈਏ ਦੇ ਬਾਰੇ ਚਿੰਤਾ ਹੈ ਤਾਂ ਤੁਸੀਂ CASLPO ਨੂੰ **ਸ਼ਿਕਾਇਤ** ਕਰ ਸਕਦੇ ਹੋ।

**ਜਾਣਕਾਰੀ ਰੱਖੋ। ਸੁਰੱਖਿਅਤ ਰਹੋ।**
**ਆਪਣੀ ਦੇਖਭਾਲ ਵਿੱਚ ਭਰੋਸਾ ਰੱਖੋ।**

## ਕੀ ਤੁਹਾਨੂੰ ਸੰਚਾਰ ਕਰਨ ਲਈ ਸਹਾਇਤਾ ਦੀ ਲੋੜ ਹੈ?

CASLPO ਦੀ ਵੈੱਬਸਾਈਟ ਦਾ ਅਸੈਸਬਿਲਟੀ ਭਾਗ ਗੱਲਬਾਤ ਰੁਕਾਵਟਾਂ ਨਾਲ ਜਿਉਣ ਵਾਲੇ ਕਿਸੇ ਵੀ ਵਿਅਕਤੀ ਲਈ ਵਰਤੋਂਕਾਰ-ਸਹਾਇਕ ਹੈ।


College of Audiologists and
Speech-Language Pathologists of Ontario
Ordre des audiologistes et
des orthophonistes de l'Ontario


## ਆਪਣੀ ਦੇਖਭਾਲ ਵਿੱਚ ਭਰੋਸਾ ਰੱਖੋ।

ਹੋਰ ਜਾਣਕਾਰੀ ਲਈ, ਵੇਖੋ:

**caslpo.com**

# ਕੀ ਤੁਸੀਂ ਜਾਣਦੇ ਹੋ...



## ...ਕੀ ਆਡੀਓਲੋਜਿਸਟ ਅਤੇ ਸਪੀਚ-ਲੈਂਗੁਇਜ਼-ਪਾਥੋਲੋਜਿਸਟ ਰੈਗੂਲੇਟਡ ਹਨ?

ਆਡੀਓਲੋਜਿਸਟ ਤੇ ਸਪੀਚ-ਲੈਂਗੂਇਜ਼-ਪਾਥੋਲੋਜਿਸਟ ਨੂੰ ਕਾਲਜ ਆਫ਼ ਆਡੀਓਲੋਜਿਸਟ ਅਤੇ ਸਪੀਚ-ਲੈਂਗੁਏਜ਼ ਪਾਥੋਲੋਜਿਸਟ ਆਫ਼ ਓਨਟਾਰੀਓ (College of Audiologists and Speech-Language Pathologists of Ontario—CASLPO) ਵਲੋਂ ਰੈਗੂਲੇਟ ਕੀਤਾ ਜਾਂਦਾ ਹੈ। ਰੈਗੂਲੇਟ ਕੀਤੇ ਪ੍ਰੋਫੈਸ਼ਨਲ ਨੂੰ ਚੁਣਨ ਨਾਲ ਤੁਸੀਂ ਭਰੋਸਾ ਕਰ ਸਕਦੇ ਹੋ ਕਿ ਤੁਸੀਂ ਉਸ ਵਿਅਕਤੀ ਤੋਂ ਦੇਖਭਾਲ ਪ੍ਰਾਪਤ ਕਰ ਰਹੇ ਹੋ, ਜੋ ਕਿ ਯੋਗ ਨੇ, ਮਿਆਰਾਂ ਦਾ ਪਾਲਣਾ ਕਰਦੇ ਨੇ ਅਤੇ ਆਪਣੇ ਗਿਆਨ ਤੇ ਮੁਹਾਰਤ ਨੂੰ ਲਗਾਤਾਰ ਵਿਕਸਤ ਕਰਦੇ ਨੇ **ਆਡੀਓਲੋਜਿਸਟ ਤੇ ਸਪੀਚ-ਲੈਂਗੂਇਜ਼-ਪਾਥੋਲੋਜਿਸਟ ਨੂੰ ਰੈਗੂਲੇਟ ਹੋਣ ਦਾ ਮਾਣ ਹੁੰਦਾ ਹੈ, ਕਿਉਂਕਿ ਉਹ ਮਰੀਜ਼-ਪੱਖੀ ਤੇ ਵਧੀਆ ਦੇਖਭਾਲ ਦਿੰਦੇ ਹਨ।**



## ਮੈਂ ਰੈਗੂਲੇਟ ਹੋਏ ਆਡੀਓਲੋਜਿਸਟ ਤੇ ਸਪੀਚ-ਲੈਂਗੂਇਜ਼-ਪਾਥੋਲੋਜਿਸਟ ਨੂੰ ਕਿੱਥੇ ਲੱਭ ਸਕਦਾ/ਸਕਦੀ ਹਾਂ?

CASLPO ਦੇ **ਆਨਲਾਈਨ ਪਬਲਿਕ ਰਜਿਸਟਰ** ਦੀ ਵਰਤੋਂ ਕਰਕੇ ਸੌਖੀ ਤਰ੍ਹਾਂ ਆਡੀਓਲੋਜਿਸਟ ਤੇ ਸਪੀਚ-ਲੈਂਗੂਇਜ਼-ਪਾਥੋਲੋਜਿਸਟ ਨੂੰ ਲੱਭਿਆ ਜਾ ਸਕਦਾ ਹੈ। ਤੁਹਾਡੀ ਲੋੜ ਮੁਤਾਬਕ ਪ੍ਰੋਫੈਸ਼ਨਲ ਲੱਭਣ ਲਈ ਸ਼ਹਿਰ, ਪੋਸਟਲ ਕੋਡ ਜਾਂ ਭਾਸ਼ਾ ਮੁਤਾਬਕ ਖੋਜ ਕਰੋ ਤੁਸੀਂ ਇਹ ਵੀ ਜਾਣ ਸਕਦੇ ਹੋ ਕਿ ਜੇ ਪੇਸ਼ੇਵਰ ਲਈ ਪ੍ਰੈਕਟਿਸ ਉੱਤੇ ਕੋਈ ਪਾਬੰਦੀ ਤਾਂ ਨਹੀਂ ਲੱਗੀ ਹੋਈ ਜਾਂ ਉਹਨਾਂ ਨੇ ਕਦੇ ਗ਼ੈਰਮਿਆਰੀ ਪ੍ਰੈਕਟਿਸ ਤਾਂ ਨਹੀਂ ਕੀਤੀ ਇਹ ਵੇਰਵੇ ਤੁਹਾਨੂੰ ਜਾਣਕਾਰੀ ਭਰਪੂਰ ਫ਼ੈਸਲਾ ਕਰਨ ਅਤੇ ਤੁਹਾਨੂੰ ਮਿਲਣ ਵਾਲੀ ਸਹਾਇਤਾ ਵਿੱਚ ਭਰੋਸਾ ਰੱਖਣ ਦਾ ਮੌਕਾ ਦੇਣਗੇ।

## ਕੀ ਆਡੀਓਲੋਜਿਸਟ ਤੇ ਸਪੀਚ-ਲੈਂਗੂਇਜ਼-ਪਾਥੋਲੋਜਿਸਟ ਨੂੰ ਮਿਲਣ ਲਈ ਰੈਫਰਲ ਦੀ ਲੋੜ ਹੈ?

ਨਹੀਂ, ਤੁਹਾਨੂੰ ਆਡੀਓਲੋਜਿਸਟ ਤੇ ਸਪੀਚ-ਲੈਂਗੂਇਜ਼-ਪਾਥੋਲੋਜਿਸਟ ਨੂੰ ਮਿਲਣ ਲਈ ਰੈਫਰਲ ਦੀ ਲੋੜ ਨਹੀਂ ਹੈ ਅਤੇ ਤੁਸੀਂ ਆਪਣੇ ਖੇਤਰ ਵਿੱਚ ਪ੍ਰੈਕਟਿਸ ਕਰਨ ਵਾਲਿਆਂ ਨੂੰ CASLPO ਦੇ ਆਨਲਾਈਨ ਪਬਲਿਕ ਰਜਿਸਟਰ ਵਿੱਚੋਂ ਸੌਖੀ ਤਰ੍ਹਾਂ ਲੱਭ ਸਕਦੇ ਹੋ।



## ਮੈਂ ਕਿਵੇਂ ਪਤਾ ਲੱਗੇ ਕਿ ਮੈਨੂੰ ਆਡੀਓਲੋਜਿਸਟ ਤੇ ਸਪੀਚ-ਲੈਂਗੂਇਜ਼-ਪਾਥੋਲੋਜਿਸਟ ਨੂੰ ਮਿਲਣ ਦੀ ਲੋੜ ਹੈ?

ਇਹ ਪੇਸ਼ੇਵਰਾਂ ਨੂੰ ਬੱਚਿਆਂ, ਬਾਲਗਾਂ ਅਤੇ ਸੀਨੀਅਰਾਂ ਨਾਲ ਕੰਮ ਕਰਨ ਦੀ ਟਰੇਨਿੰਗ ਹੁੰਦੀ ਹੈ, ਜਿਹਨਾਂ ਨੂੰ ਬੋਲਣ, ਭਾਸ਼ਾ, ਗੱਲਬਾਤ, ਨਿਗਲਣ, ਸੁਣਨ, ਸੰਤੁਲਨ ਅਤੇ/ਜਾਂ ਕੰਨਾਂ ਵਿੱਚ ਘੰਟੀਆਂ ਵੱਜਣ ਵਿੱਚੋਂ ਕਿਸੇ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੁੰਦਾ ਹੈ। ਤੁਸੀਂ ਇਹਨਾਂ ਰੋਗਾਂ ਦੇ ਬਾਰੇ ਹੋਰ ਜਾਣਕਾਰੀ CASLPO ਦੀ ਵੈੱਬਸਾਈਟ ਉੱਤੇ ਹਾਸਲ ਕਰ ਸਕਦੇ ਹੋ। ਸਵੈ-ਮੁਲਾਂਕਣ ਸੁਣਨ ਅਤੇ ਸੰਚਾਰ ਜਾਂਚ-ਸੂਚੀਆਂ ਨੂੰ ਵਰਤ ਕੇ ਪਤਾ ਲਗਾਉ ਕਿ ਤੁਸੀਂ ਜਾਂ ਤੁਹਾਡੇ ਜਾਣਨ ਵਾਲੇ ਨੂੰ ਕੋਈ ਸਮੱਸਿਆ ਹੈ ਜਾਂ ਨਹੀਂ, ਜਿਸ ਲਈ ਸਹਾਇਤਾ ਦੀ ਲੋੜ ਹੈ।